## ਪ੍ਰਸ਼ਨ ਪੱਤਰ ਦੀ ਰੂਪ-ਰੇਖਾ (Structure of Question Paper)

## ਕਮਰਸ਼ੀਅਲ ਆਰਟ (Commercial Art)

**ਸਮਾਂ : 8 ਘੰਟੇ** **ਕੁੱਲ : 100 ਅੰਕ**

**ਅੰਕਾਂ ਦੀ ਵੰਡ**

| | |
|---|---|
| ਪ੍ਰਯੋਗੀ ਪ੍ਰੀਖਿਆ | : 90 ਅੰਕ |
| INA | : 10 ਅੰਕ |
| ਕੁੱਲ | : 100 ਅੰਕ |
| ਪਾਸ ਅੰਕ | : 33 ਅੰਕ |

**ਭਾਗ-I** **ਅੰਕ : 38**

1. ਇਹ ਪੇਪਰ ਪ੍ਰਯੋਗੀ ਡੇਟ-ਸ਼ੀਟ ਅਨੁਸਾਰ ਪ੍ਰਯੋਗੀ ਪ੍ਰੀਖਿਅਕ ਵੱਲੋਂ ਲਿਆ ਜਾਵੇਗਾ। ਪਹਿਲੇ ਸਵੇਰ ਦੇ ਸੈਸ਼ਨ ਵਿੱਚ ਲੇ-ਆਊਟ ਡਿਜ਼ਾਈਨਿੰਗ ਸਬੰਧੀ ਪ੍ਰਸ਼ਨ ਹੋਣਗੇ। ਇਹ ਪੇਪਰ ਚਾਰ ਘੰਟੇ ਦਾ ਹੋਵੇਗਾ। ਇਸ ਦੇ ਕੁੱਲ 38 ਅੰਕ ਹੋਣਗੇ। ਇਸ ਵਿੱਚ ਤਿੰਨ ਪ੍ਰਸ਼ਨ ਸੈੱਟ ਕਰਨੇ ਹੋਣਗੇ। ਵਿਦਿਆਰਥੀ ਵੱਲੋਂ ਕੋਈ ਇੱਕ ਪ੍ਰਸ਼ਨ ਹੱਲ ਕਰਨਾ ਹੋਵੇਗਾ।

**ਭਾਗ-II** **ਅੰਕ : 38**

2. ਦੂਜੇ ਸ਼ਾਮ ਦੇ ਸੈਸ਼ਨ ਵਿੱਚ ਪੋਸਟਰ ਡਿਜਾਈਨਿੰਗ ਦਾ ਪੇਪਰ ਹੋਵੇਗਾ। ਇਹ ਪੇਪਰ ਵੀ ਉਪਰੋਕਤ ਅਨੁਸਾਰ 38 ਅੰਕਾਂ ਦਾ ਹੋਵੇਗਾ। ਇਸ ਦਾ ਸਮਾਂ ਚਾਰ ਘੰਟੇ ਹੋਵੇਗਾ। ਪ੍ਰੀਖਿਆਰਥੀ ਵੱਲੋਂ ਕੋਈ ਇੱਕ ਪ੍ਰਸ਼ਨ ਹੱਲ ਕਰਨਾ ਹੋਵੇਗਾ।

**ਪੇਪਰ ਦਾ ਸਾਈਜ਼:- ਪੂਰੇ ਕਾਗਜ਼ ਦਾ $^1/_4$ ਹਿੱਸਾ** (35 ਸੈਂ. ਮੀ. × 25 ਸੈਂ.ਮੀ.)

**ਭਾਗ-III** **ਅੰਕ : 14**

**ਸੈਸ਼ਨਲ ਕੰਮ**

ਦੋਨਾਂ ਸੈਸ਼ਨਾਂ ਦੇ ਵਿਚਕਾਰ ਇੱਕ ਘੰਟੇ ਦੀ ਛੁੱਟੀ ਹੋਵੇਗੀ। ਉਸ ਦੌਰਾਨ ਸੈਸ਼ਨਲ ਕੰਮ ਚੈਕ ਕਰਕੇ ਮੁਲਾਂਕਣ ਕੀਤਾ ਜਾਵੇਗਾ। ਇਹ 14 ਅੰਕਾਂ ਦਾ ਹੋਵੇਗਾ। ਸਾਰੇ ਸਾਲ ਵਿੱਚ ਤਿਆਰ ਕੀਤੀਆਂ ਘੱਟੋ-ਘੱਟ 14 ਕਲਾ ਕ੍ਰਿਤੀਆਂ ਜੋ ਕਿ ਪ੍ਰੀਖਿਆਰਥੀ ਵੱਲੋਂ ਤਿਆਰ ਕੀਤੀਆਂ ਹੋਣ ਦਾ ਮੁਲਾਂਕਣ ਕੀਤਾ ਜਾਵੇਗਾ।

**ਨੋਟ:- ਡਰਾਇੰਗ ਸ਼ੀਟਾਂ ਅਤੇ ਪੇਟਿੰਗ ਦਾ ਹੋਰ ਸਾਰਾ ਸਾਮਾਨ ਪ੍ਰੀਖਿਆਰਥੀ ਖ਼ੁਦ ਨਾਲ ਲੈ ਕੇ ਆਵੇਗਾ।**